## ਰੇਡੀਓ ਲਵੀਵਾਰ- ਟਿਕਾਊ ਵਿਕਾਸ

## ਕੜੀ-4, ਕਿੰਨੀ ਕੁ ਹੈ ਲੋੜ ਸਾਡੀ ? (How Much Do we Need)

### ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(**This deals with S&T Development, Growth of Population & Natural Resources Consumption Patterns. It touches on urbanization, the problems of rural and urban poverty. Global inequalities in resource consumption. It juxtaposes examples of mindless consumerism by affluent families (and nations) against the more sensible sustainable practices.**)**

**ਪਾਤਰ**

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਵਸੁਧਾ ( ਧਰਤੀ )

ਅਧਿਆਪਕ : ਇੱਕ ਔਰਤ ਅਧਿਆਪਕ

ਰਵੀ: ਵਿਦਿਆਰਥੀ, ਦਸਵੀਂ ਜਮਾਤ ਦਾ

ਪਾਪਾ: ਰਵੀ ਦਾ ਪਾਪਾ

ਰਾਣੀ: ਅਲੜ੍ਹ ਉਮਰ ਦੀ ਕੁੜੀ, ਰਵੀ ਦੀ ਜਮਾਤਣ

ਕਮਲਾ: ਇੱਕ ਔਰਤ

ਹਰੀ: ਇੱਕ ਗੱਭਰੂ

ਰਾਮੂ: ਹਰੀ ਦਾ ਬਾਪ

ਜ਼ਿਪ ਠੀਕ ਕਰਨਵਾਲਾ :

ਬਲਾਕ ਵਿਕਾਸ ਅਧਿਕਾਰੀ

ਸੁਸ਼ਾਤ, ਵਿਨੀਤਾ ਅਤੇ ਰਾਕੇਸ਼ (ਸਾਰੇ ਪੁਰਸ਼ 25 ਸਾਲ)

**<u>ਸੁਰੂਆਤੀ ਐਲਾਨ</u>**

(ਸਿਰਲੇਖ ਗੀਤ ਦੇ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਕਿੰਨੀ ਕੁ ਹੈ ਲੋੜ ਸਾਡੀ**

(ਸੰਗੀਤ…)

**ਐਲਾਨ**: ਇਹ ਅਕਾਸ਼ਵਾਣੀ ਜਲੰਧਰ ਹੈ "ਛੋਟਾ ਹੈ ਸੁੰਦਰ" ਤੋਂ ਬਾਅਦ, ਅਸੀਂ ਆਪਣੇ ਸ੍ਰੋਤਿਆਂ ਦੇ ਕੋਲ ਲੈਕੇ ਆਏ ਹਾਂ ਸਾਡੇ ਵਿਗਿਆਨ ਲੜੀਵਾਰ ਟਿਕਾਊ ਵਿਕਾਸ ਦੀ ਅਗਲੀ ਕੜੀ "**ਕਿੰਨੀ ਕੁ ਹੈ ਲੋੜ ਸਾਡੀ**"। ਸ੍ਰੋਤਿਓ !ਵਿਗਿਆਨ

ਦੇ ਇਸ ਨਵੇਂ ਲੜੀਵਾਰ ਦੀ ਪੇਸ਼ਕਾਰੀ ਅਸੀਂ ਕਰ ਰਹੇ ਹਾਂ ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਦੇ ਨਾਲ। ਸੁਣੋ ਤੇ ਸਮਝੋ ਇਸ ਟਿਕਾਊ ਵਿਕਾਸ ਦੀ ਚੌਥੀ ਕੜੀ ਨੂੰ, **"ਕਿੰਨੀ ਕੁ ਹੈ ਲੋੜ ਸਾਡੀ"** ?

**ਸੰਗੀਤ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ)

**ਮਰਦ ਸੂਤਰਧਾਰ:** ਹਾਂ ਜੀ ! ਜੀ ਆਇਆਂ ਨੂੰ ! ਸ੍ਰੋਤਿਓ ......ਤੁਹਾਡਾ ਸਭ ਦਾ ਬੱਚਿਆਂ ਦਾ, ਗਭਰੂਆਂ ਤੇ ਮੁਟਿਆਰਾਂ ਦਾ, ਵਿਦਿਆਰਥੀਆਂ ਤੇ ਅਧਿਆਪਕਾਂ ਦਾ , ਗੱਲ ਕੀ ਸਾਰੇ ਨਰ ਨਾਰੀ ਦਾ ਅੱਜ ਦੇ ਇਸ ਨਵੇਂ ਲੜੀਵਾਰ "ਟਿਕਾਊ ਵਿਕਾਸ" ਦੀ ਚੌਥੀ ਕੜੀ " ਕਿੰਨੀ ਕੁ ਹੈ ਲੋੜ ਸਾਡੀ" ਵਿੱਚ, ਸੁਆਗਤ ਹੈ ਤਹਿ ਦਿਲੋਂ !

**ਵਸੁਧਾ: (ਧਰਤੀ)** ਸਾਰਿਆਂ ਨੂੰ ਮੇਰੀ ਪਿਆਰ ਭਰੀ ਸੱਤ ਸ੍ਰੀ ਅਕਾਲ, ਮੈਂ! ਮੈਂ ਹਾਂ ਧਰਤੀ! ਹਾਂ ਜੀ ਧਰਤੀ !

**ਔਰਤ ਸੂਤਰਧਾਰ:** ਧਰਤੀ ਨੀ ਇਹ ਧਰਤੀ ਸਈਓ, ਧਰਤੀ ਨੀ ਇਹ ਧਰਤੀ! ਵਿੱਚ ਗ੍ਰਹਿਆਂ ਦੇ ਵਸਦੀ ਧਰਤੀ ! ਸੂਰਜ ਪਾਸਿਓਂ ਨੰਬਰ ਤੀਜੇ ਤੇ ਵਸਦੀ ਇਹ ਧਰਤੀ !

**ਮਰਦ ਸੂਤਰਧਾਰ:** ਪਿਛਲੀ ਕੜੀ ਵਿੱਚ ਅਸੀਂ ਸੁਣੀ ਸੀ ਕਹਾਣੀ ਆਧੁਨਿਕ ਸੰਨਅਤੀ ਵਿਕਾਸ ਦੀ ! ਕਿਵੇਂ ਵਧ ਗਈ ਹੈ ਮੰਗ ! ਵੱਧਦੀ ਮੰਗ ਦੀ ਪੂਰਤੀ ਲਈ ਨਵਾਂ ਸਾਮਾਨ ! ਇਸ ਨਾਲ ਦੂਸ਼ਿਤ ਹੋ ਰਹੇ ਨੇ ਸਾਡੇ ਪਾਣੀ ਮਿੱਟੀ ਤੇ ਹਵਾ ! ਇਸ ਤੋਂ ਬਚਾਅ ਲਈ ਅਸੀਂ ਸੋਚ ਰਹੇ ਸੀ ਨਵੇਂ ਢੰਗ ਤਰੀਕੇ ਉਤਪਾਦਨ ਦੇ , ਸੁਣਾਈਆਂ ਸਨ ਕਈ ਕਹਾਣੀਆਂ ਵੀ! ਸੁਣੀ ਸੀ ਅਸੀਂ ਗੱਲ ਇੱਕ ਨਵੀਂ ਤੇ ਨਵਾਂ ਇੱਕ ਧਾਰਣਾ, ਜਿਸਨੂੰ ਕਿਹਾ ਸੀ ਸਿਲਲੇਜ ਯਾਨੀ ਸ਼ਹਿਰਾਂ ਵਰਗੇ ਪਿੰਡ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਸ੍ਰੋਤਾਂ ਤੇ ਪੈ ਗਿਆ ਬੋਝ ਕਿਵੇਂ ਜਾ ਰਹੇ ਹਾਂ ਅਸੀਂ ਖਾਤਮੇ ਤੇ ਪ੍ਰਲੋ ਵੱਲ ਨੂੰ!

**ਮਰਦ ਸੂਤਰਧਾਰ:**ਵੱਧਦੇ ਖਪਤ ਸਭਿਆਚਾਰ ਨੂੰ ਠੱਲ੍ਹ ਪਾਉਣ ਲਈ ਅੱਜ ਦੀ ਸਾਡੀ ਕੜੀ ਹੈ 'ਕਿੰਨੀ ਕੁ ਹੈ ਲੋੜ ਸਾਡੀ' ? ਕਿਵੇਂ ਸਾਡਾ ਇਹ ਖਪਤ ਸਭਿਆਚਾਰ ਪੈਦਾ ਕਰ ਰਿਹਾ ਹੈ ਬੇਹਿਸਾਬਾ ਫੋਕਟ, ਔਖਾ ਹੋ ਰਿਹਾ ਹੈ ਜਿਸਦਾ ਸੁਰੱਖਿਅਤ ਨਿਪਟਾਰਾ ਵੀ ਹੁਣ ਤਾਂ ! ਕਿੰਨਾ ਵਜਨ ਹੈ ਇਸਦਾ ਸਾਡੀ ਇਸ ਧਰਤੀ ਮਾਂ ਦੇ ਉਪਰ ?

**ਵਸੁਧਾ: ( ਧਰਤੀ )** ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ! ਪਾਣੀ ਦੇ ਵਿੱਚ ਨਾਉਂਦੀ ਧਰਤੀ, ਠੰਢੀ - ਮਿਠੀ ਪਾਉਣ ਹੰਢਾਉਂਦੀ ਧਰਤੀ !

**ਔਰਤ ਸੂਤਰਧਾਰ:** ਹਰੀ ਭਰੀ ਇਹ ਧਰਤੀ ਸਈਓ ! ਹਰੀ ਭਰੀ ਇਹ ਧਰਤੀ ! ਬਾਹਰੋਂ ਹੈ ਇਹ ਹਰਿਆਲੀ ਭਰੀ, ਅੰਦਰੋਂ ਖਣਿਜਾਂ ਦਾ ਹੈ ਭੰਡਾਰ ! ਧਰਤੀ ਨੀ ਇਹ ਧਰਤੀ ਸਈਓ, ਧਰਤੀ ਨੀ ਇਹ ਧਰਤੀ !

**ਵਸੁਧਾ: ( ਧਰਤੀ )** ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ ! ਵਿੱਚ ਗ੍ਰਹਿਆਂ ਦੇ ਪਹਿਚਾਣ ਹੈ ਮੇਰੀ,

ਇਸ ਸੁੰਦਰ ਜੀਵਣ ਦੇ ਨਾਲ ! ਸੁਣ ਲਓ ਵੀਰੋ , ਸੁਣ ਲਓ ਭੈਣੋ ! ਗੁਆਂਢੀਆਂ ਦੇ ਵਿੱਚ ਤਾਂ ਮੈਂ ਹੀ ਹਾਂ, ਜੀਵਣ ਜਿੱਥੇ ਪੈਦਾ ਹੋਇਆ ਤੇ ਹੋਇਆ ਜਿੱਥੇ ਜਵਾਨ ! ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ !

**ਔਰਤ ਸੂਤਰਧਾਰ:** ਥੱਕ ਗਏ ਨੇ ਹੁਣ ਤੱਕ ਤਾਂ ਵਿਗਿਆਨੀ ਵੀ, ਜੀਵਣ ਦੀ ਕਰ-ਕਰ ਕੇ ਭਾਲ ! ਪਰ ਹੋਰ ਨਹੀਂ ਲੱਭਿਆ ਕਿਤੇ ਵੀ ਜੀਵਣ ਦਾ ਕੋਈ ਉਘ ਨਾ ਪਤਾਲ ! ਧਰਤੀ ਨੀ ਇਹ ਧਰਤੀ ਸਈਓ, ਧਰਤੀ ਨੀ ਇਹ ਧਰਤੀ!

**ਵਸੁਧਾ:** ( **ਧਰਤੀ** ) ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ ! ਵਿੱਚ ਗ੍ਰਹਿਆਂ ਦੇ ਹਾਂ ਮੈਂ ਵਿਸ਼ੇਸ਼ ਨੀ ਸਈਓ , ਜਿੱਥੇ ਜੀਵਣ ਦਾ ਹੈ ਸਮਾਵੇਸ਼! ਹਰ ਸ਼ੈਅ ਦੀ ਸ੍ਰੋਤ ਹਾਂ ਮੈਂ , ਜੀਵੇ ਜਿਸ ਉਤੇ ਜਹਾਨ ! ਮੇਰੀਆਂ ਦਾਤਾਂ ਦੇ ਨਾਲ ਹੀ, ਜੀਵ-ਜੰਤੂ ਸਾਰੇ ਚੜ੍ਹਦੇ ਨੇ ਪ੍ਰਵਾਣ !

**ਔਰਤ ਸੂਤਰਧਾਰ:** ਹਾਂ ! ਇਹ ਤਾਂ ਇੱਕ ਅਟੱਲ ਸਚਾਈ ਹੀ ਐ ਕਿ ਸਾਂਹ ਵਾਸਤੇ ਹਵਾ , ਪੀਣ ਵਾਸਤੇ ਜਲ , ਸਿੰਚਾਈ ਵਾਸਤੇ ਪਾਣੀ , ਪੌਸ਼ਣ ਲਈ ਭੋਜਨ , ਤਨ ਢਕਣ ਲਈ ਬਸਤਰ, ਭਾਂਤ-ਭਾਂਤ ਦਾ ਵੰਨ-ਸੁਵੰਨਾ ਸਾਮਾਨ, ਹੀਰੇ ਜਵਾਹਾਰਾਤ ਵੀ ਨੇ, ਦਾਤਾਂ ਇਸੇ ਧਰਤੀ ਦੀਆਂ ! ਸੁਗਾਤਾਂ ਇਸੇ ਧਰਤੀ ਦੀਆਂ !

**ਵਸੁਧਾ:(ਧਰਤੀ)** ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ ! ਸਾਲਾਂ ਤੋਂ, ਸਦੀਆਂ ਤੋਂ, ਸਹਸਰਬਦੀਆਂ ਤੋਂ, ਦਿੰਦੀ ਆਈ ਹਾਂ ਇਹ ਸੁਗਾਤਾਂ ਤੁਹਾਨੂੰ ਮਨ ਮਰਜੀ ਦੇ ਨਾਲ, ਸੱਭ ਕੁੱਝ ਕੀਤਾ ਨਿਛਾਵਰ ਮੈਂ ਤਾਂ ਖੁਸ਼ੀ ਦਿਲ ਦੇ ਨਾਲ !

**ਔਰਤ ਸੂਤਰਧਾਰ:**ਧਰਤੀ ਹੀ ਤਾਂ ਹੈ, ਪਾਲਕ ਸੱਭ ਦੀ ਜੋ! ਪਸ਼ੂ, ਪੰਛੀ, ਬਨਸਪਤੀ ਤੇ ਜੀਵਣ ਵਸਦਾ ਹੈ ਇਸਦੀ ਢੋਅ! ਧਰਤੀ ਨੀ ਇਹ ਧਰਤੀ ਸਈਓ, ਧਰਤੀ ਨੀ ਇਹ ਧਰਤੀ!ਵਿੱਚ ਵਿਰਾਸਤ ਮਿਲੀ ਅਸਾਂ ਨੂੰ, ਵਿੱਚ ਵਿਰਾਸਤ ਦੇ ਕੇ ਜਾਣਾ !

**ਵਸੁਧਾ:** ( **ਧਰਤੀ** ) ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ ! ਮੰਗਾਂ ਤੁਸੀਂ ਵਧਾ ਲਈਆਂ ਨੇ, ਪਿਛਲੇ ਦਹਾਕਿਆਂ ਤੋਂ ਬੇਲੋੜ, ਮੇਰੇ ਵਿਤੋਂ ਬਾਹਰ ਹੋ ਰਿਹਾ , ਹੈ ਪੂਰੀ ਕਰਨਾ ਤੁਹਾਡੀ ਇਹ ਹੋੜ !

**ਔਰਤ ਸੂਤਰਧਾਰ:** ਧਰਤੀ ਦੇ ਇਹ ਘਰੋੜੀ ਦੇ ਪੁਤਰ ਨੇ ਜੋ, ਕਹਿੰਦੇ ਨੇ ਜਿਸ ਨੂੰ ਇਨਸਾਨ, ਇਹੀ ਹੈ-ਹੈ ਦੈਂਤ ਉਹ ਕਰਦਾ ਹੈ ਜੋ ਧਰਤੀ ਦੇ ਸ੍ਰੋਤਾਂ ਦਾ ਘਾਣ ! ਕਰਦਾ ਹੈ ਜੋ ਧਰਤੀ ਦਾ ਅਪਮਾਨ ! ਬੇਸ਼ੱਕ ਪੀੜ੍ਹੀਆਂ ਕਈ ਇੱਥੇ ਪਲ ਕੇ ਹੋਈਆਂ ਨੇ ਜਵਾਨ ! ਪਰ ਹੁਣ ਇਸ ਧਰਤੀ ਤੇ ਇਸਨੇ ਮਚਾਇਆ ਹੈ ਘਮਸਾਨ !

**ਵਸੁਧਾ:** ( **ਧਰਤੀ** ) ਧਰਤੀ ਨੀ ਮੈਂ ਧਰਤੀ ਸਈਓ, ਧਰਤੀ ਨੀ ਮੈਂ ਧਰਤੀ ! ਪੈਦਾ ਕੀਤੀ ਆਦਮ ਜਾਤ ਜੋ ਮੈਂ, ਹੈ ਉਹ ਬੜੀ ਸਿਆਣੀ ਤੇ ਬੁਧੀਮਾਨ , ਇਸੇ ਕਰਕੇ ਉਮੀਦ ਹੈ ਮੇਰੀ, ਜਾਗਣਗੇ ਹੁਣ ਵਿਵੇਕੀ ਇਨਸਾਨ! ਸਮਝ ਜਾਣਗੇ ਅਟੱਲ ਸਚਾਈ, ਜਾਣੇਗੀ ਜਿਸਨੂੰ ਕੁੱਲ ਲੁਕਾਈ, 'ਲੋੜੋਂ ਵੱਧ ਲੈਂਦੇ ਜੇ ਜਾਵੋਗੇ, ਪੂਰਾ ਨਹੀਂ ਜੋ ਕਰ ਪਾਵੋਗੇ , ਸੱਭ ਨੂੰ ਖਤਰੇ ਵੱਲ ਧੱਕਦੇ ਜਾਵੋਗੇ , ਸਭ ਨੂੰ ਖਤਰੇ ਵੱਲ ਧੱਕਦੇ ਜਾਵੋਗੇ" ।

**ਦ੍ਰਿਸ਼ ਬਦਲਾਅ ਸੰਗੀਤ**

**ਸਕੂਲ ਦਾ ਦ੍ਰਿਸ਼**

**ਅਧਿਆਪਕ :** ਬੱਚਿਓ ! ਮੈਂ ਸੋਚਿਆ ਹੈ ਤੁਹਾਡੇ ਲਈ ਇਕ ਨਵਾਂ ਕੰਮ, ਇਨ੍ਹਾਂ ਛੁੱਟੀਆਂ ਵਿੱਚ ਦੇਣ ਦੇ ਲਈ !

**ਰਵੀ:** ਸਰ ! ਨਵਾਂ ਕੰਮ ! ਕੀ ਹੈ ਅਜਿਹਾ ਨਵਾਂ ਕੰਮ ਸਰ ?

**ਅਧਿਆਪਕ:** ਕਰੋਗੇ ? ਖੁਸ਼ੀ-ਖੁਸ਼ੀ, ਮਨ ਮਰਜੀ ਨਾਲ ਕਰੋਗੇ ?

**ਬੱਚੇ :** ਹਾਂ ਸਰ ! ਪਰ ਜਲਦੀ ਦੱਸੋ ਨਾ ਸਰ ! ਕਿਹੜਾ ਹੈ ਇਹ ਨਵਾਂ ਕੰਮ !

**ਅਧਿਆਪਕ :** ਜੁੜਿਆ ਹੈ ਇਹ ਸਾਡੇ ਸਾਰਿਆ ਦੇ ਜੀਵਣ ਨਾਲ।ਬੱਚਿਓ ! ਅੱਜ ਕੱਲ ਫੋਕਟ ਦੇ ਵਾਧੇ ਤੇ ਫੋਕਟ ਪ੍ਰਦੂਸ਼ਣ ਬਾਬਤ ਬਹੁਤ ਕੁੱਝ ਕਿਹਾ ਜਾ ਰਿਹਾ ਹੈ। ਮੈਂ ਸੋਚਿਆ ਹੈ ਕਿ ਇਹ ਫੋਕਟ ਦਰ ਅਸਲ ਹੈ ਕਿੰਨਾ ਕੁ ਇਸਦਾ ਹਿਸਾਬ ਤਾਂ ਲਗਾਈਏ !

**ਰਵੀ:** ਸਰ ਇਹ ਹਿਸਾਬ ਲਗਾਉਣਾ ਤਾਂ ਮੁਸ਼ਕਲ ਜਿਹਾ ਹੀ ਲੱਗਦਾ ਹੈ ? ਫੋਕਟ ਤਾਂ ਹਰ ਵਕਤ ਪੈਦਾ ਹੁੰਦਾ ਐ, ਹਰ ਥਾਂ ਪੈਦਾ ਹੁੰਦੈ , ਹਰ ਬੰਦਾ ਪੈਦਾ ਕਰਦਾ ਐ !

**ਬੱਚੇ :** ਹਰ ਘਰ ਵਿੱਚ ਫੋਕਟ ਐ ਜੀ !

**ਅਧਿਆਪਕ:** ਆਹੋ ! ਪਰ ਇਸਦਾ ਹਿਸਾਬ ਤਾਂ ਲਗਾਓ ਕਿ ਕਿੰਨਾ ਕੁ ਹੁੰਦਾ ਹੈ ਇਹ ਫੋਕਟ ਹਰ ਰੋਜ ਦਾ ?

**ਬੱਚੇ:** ਸਰ ਹਿਸਾਬ ਆਪਣੇ-ਆਪਣੇ ਘਰ ਦਾ ਲਗਾ ਲੈਂਦੇ ਹਾਂ, ਕੁੱਝ ਨਾ ਕੁੱਝ ਤਾਂ ਪਤਾ ਚੱਲ ਹੀ ਜਾਵੇਗਾ ।

**ਅਧਿਆਪਕ :** ਸ਼ਾਬਾਸ਼ ! ਤੁਸੀਂ ਇਨ੍ਹਾਂ ਦੋ ਹਫਤੇ ਦੀਆਂ ਛੁੱਟੀਆਂ ਵਿੱਚ ਉਸ ਸੱਭ ਕੁੱਝ ਦਾ ਵੇਰਵਾ ਤਿਆਰ ਕਰਨਾ ਹੈ ਜੋ ਤੁਹਾਡੇ ਘਰ ਦੇ ਜੀਅ ਇਨ੍ਹਾਂ ਛੁੱਟੀਆਂ ਦੌਰਾਨ ਫੋਕਟ/ ਫਾਲਤੂ ਸਮਝ ਕੇ ਸੁੱਟਣ ।

**ਰਵੀ:** ਸਰ ! ਵਰਤੇ ਹੋਏ ਲਫਾਫੇ , ਡੱਬੇ, ਕਾਗਜ, ਪੈੱਨ ਦੇ ਰੀਫਿਲ, ਟੁੱਟੇ ਖਿਡਾਉਣੇ, ਆਦਿ ?

**ਅਧਿਆਪਕ :** ਹਾਂ ਬਿਲਕੁਲ ! ਖਾਣ ਪੀਣ ਦਾ ਖਰਾਬ ਹੋਇਆ ਸਮਾਨ, ਛਿਲੜ ਆਦਿ, ਪੁਰਾਣੇ ਲੋਹੇ, ਕੱਚ, ਮਿਟੀ ਕਾਗਜ ਤੇ ਧਾਤ ਦੇ ਬਰਤਨ ਆਦਿ , ਬੇਕਾਰ ਹੋਈਆਂ ਇਲੈਕਟਰਾਨਿਕ ਵਸਤਾਂ ਤੇ ਕਪੜੇ ਆਦਿ । ਸਮਝ ਆਇਆ ?

**ਬੱਚੇ :** ਹਾਂ ਜੀ ! ਬੱਸ ਜੋ ਸੁੱਟਿਆ ਜੋ ਕਬਾੜੀ ਨੂੰ ਵੇਚਿਆ ਲਿਖ ਲਓ ਉਹ !

**ਰਵੀ:** ਪਰ ਇਸ ਨਾਲ ਤੁਸੀਂ ਸਰ ਕਰੋਗੇ ਕੀ ?

**ਅਧਿਆਪਕ :** ਦਰਅਸਲ ਮੈਂ ਹੁਣੇ-ਹੁਣੇ ਪੜ੍ਹਿਆ ਹੈ ਕਿ ਅੰਤਰ ਰਾਸਟਰੀ ਸੰਸਾਰ ਫੋਕਟ ਮੰਚ ਦੇ ਡਾਇਰੈਕਟਰ ਜਨਰਲ

ਜ਼ਿਮ ਲੀਪੇ ਦਾ ਕਥਨ ਹੈ,"ਅਸੀਂ ਇਸ ਤਰ੍ਹਾਂ ਦਾ ਜੀਵਣ ਜੀਅ ਰਹੇ ਹਾਂ ਜਿਵੇਂ ਸਾਡੇ ਕੋਲ ਇੱਕ ਹੋਰ ਧਰਤ ਗ੍ਰਹਿ ਹੋਵੇ! ਉਨ੍ਹਾਂ ਕਿਹਾ ਕਿ ਅਸੀਂ ਇਸ ਧਰਤੀ ਦੀ ਮੁੜ ਪੂਰਤੀ ਦੀ ਸਮਰਥਾ ਤੋਂ ਡੇਢ ਗੁਣਾ ਸ੍ਰੋਤਾਂ ਦੀ ਵਰਤੋਂ ਕਰ ਰਹੇ ਹਾਂ ।

**ਰਵੀ:** ਸਰ ! ਤੁਸੀਂ ਕੀ ਕਰਨਾ ਹੈ, ਆਹ ਹਿਸਾਬ ਕਿਤਾਬ ਲਗਵਾ ਕੇ, ਜਦ ਲੀਪੇ ਜੀ ਨੇ ਕਹਿ ਹੀ ਦਿੱਤਾ ਹੈ ।

**ਅਧਿਆਪਕ:** ਹਾਂ ਸੁਣੋ ! ਕਿਉਂ ਲਗਾਉਣਾ ਚਾਹੁੰਦਾ ਹਾਂ ਮੈਂ , ਆਪਣੇ ਆਲੇ ਦੁਆਲੇ ਵਿੱਚੋਂ ਇਹ ਹਿਸਾਬ ਕਿਤਾਬ?

**ਰਵੀ :** ਹਾਂ ਜੀ ਦੱਸੋ ਜਰਾ ਵਿਸਥਾਰ ਨਾਲ ?

**ਅਧਿਆਪਕ:** ਹਰ ਕਥਨ ਨੂੰ ਸਮਝਣ ਲਈ,ਜਿੰਨਾ ਵੀ ਹੋ ਸਕੇ ਪਰਖ ਕੇ ਵੇਖਣਾ ਚਾਹੀਦਾ ਹੈ! ਇਸ ਲਈ ਲਗਾਓ ਹਿਸਾਬ ਕਿ ਅਸੀਂ ਕਿੰਨਾ ਕੁ ਫੋਕਟ ਪੈਦਾ ਕਰਦੇ ਹਾਂ ਤਾ ਕਿ ਵੇਖ ਕੇ ਸਮਝ ਸਕੀਏ ਕਿ ਅਸੀਂ ਕਿਸ ਮੁਕਾਮ ਤੇ ਖੜ੍ਹੇ ਹਾਂ

**ਬੱਚੇ:** ਸੁਣਿਆ ਰਵੀ ! ਵੇਖ ਸਕੀਏ! ਸਮਝ ਸਕੀਏ ! ਹਿਸਾਬ ਲਗਾ ਸਕੀਏ ! ਕਿਸ ਮੁਕਾਮ ਤੇ ਪਹੁੰਚ ਗਏ ਹੈਂ ਹਮ ! ਇਸ ਲੀਏ ਕਰੇਂਗੇ ਯਿਹ ਕਾਮ ਹਮ!

(ਐਨੇ ਨੂੰ ਸਕੂਲ ਦੀ ਘੰਟੀ ਵਜਦੀ ਹੈ, ਬੈਂਚਾਂ ਦੇ ਸਰਕਣ ਦੀ ਆਵਾਜ, ਬੱਚੇ ਜਾ ਰਹੇ ਹਨ ! ਆਖ ਰਹੇ ਹਨ ਅਲਵਿਦਾ ਇੱਕ ਦੂਜੇ ਨੂੰ ਛੁੱਟੀਆਂ ਤੇ ਜਾਣ ਤੋਂ ਪਹਿਲਾਂ )

**ਦ੍ਰਿਸ਼ ਬਦਲਾਅ ਸੰਗੀਤ**

**ਰਵੀ ਦੇ ਘਰ ਦਾ ਦ੍ਰਿਸ਼**

**ਪਾਪਾ:** ਹਾਂ ਰਵੀ ! ਹੋ ਗਈਆਂ ਛੁਟੀਆਂ ? ( ਪੁੜੀ ਨੂੰ ਪਾੜਣ ਦੀ ਆਵਾਜ , ਕੁੱਝ ਚਬਾਉਣ ਦੀ ਆਵਾਜ , ਜਦ ਉਹ ਗੱਲ ਕਰਦੇ ਹਨ ਤਾਂ ਸਾਫ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦਾ ਮੂੰਹ ਭਰਿਆ ਹੋਇਆ ਹੈ ) ਮਾਸਟਰ ਜੀ ਨੇ ਕਰਨ ਲਈ ਕੋਈ ਨਾ ਕੋਈ ਕੰਮ ਤਾਂ ਦਿੱਤਾ ਹੀ ਹੋਵੇਗਾ ਜਿਸ ਨਾਲ ਤੁਸੀਂ ਮਸਰੂਫ ਰਹੋਗੇ ਨਹੀਂ ਤਾਂ ਤੁਸੀਂ ਸਾਨੂੰ ਪਾਗਲ ਕਰ ਦਿਓਗੇ ।
**ਰਵੀ:** ਪਿਤਾ ਜੀ ਤੁਸੀਂ ਇੱਕ ਦਿਨ ਵਿੱਚ ਆਹ ਕਿੰਨੀਆਂ ਪੁੜੀਆਂ ਖਾ ਜਾਂਦੇ ਹੋ ? ਵੇਖੋ ਤਾਂ ਸਹੀ ! ਕੂੜੇਦਾਨ ਭਰਿਆ ਪਿਆ ਹੈ ਨੱਕੋ-ਨੱਕ ਇਨ੍ਹਾਂ ਖਾਲੀ ਪੁੜੀਆਂ ਨਾਲ !

**ਮਾਂ:** ਆਹ ਵੇਖੋ ਜੀ ! ਮੇਰੇ ਪਰਸ ਦੀ ਜ਼ਿਪ ਟੁੱਟੀ ਪਈ ਹੈ ! ਰਵੀ ਦੀਆਂ ਛੁੱਟੀਆਂ ਦੌਰਾਨ ਪਿੰਡ ਜਾਣ ਤੋਂ ਪਹਿਲਾਂ ਮੈਨੂੰ ਨਵਾਂ ਪਰਸ ਖ੍ਰੀਦਣਾ ਪਵੇਗਾ। ਰਵੀ ...( ਤਿਖੀ ਆਵਾਜ ਵਿੱਚ...) ਰਵੀ ਕੀ ਕਰ ਰਿਹਾ ਐਂ ਤੂੰ ਆਹ ਕੂੜੇਦਾਨ ਕੋਲ ?

**ਰਵੀ:** ਮੈਂ ਉਸ ਸੱਭ ਕੁੱਝ ਦਾ ਲੇਖਾ ਜੋਖਾ ਰੱਖਣਾ ਹੈ ਜੋ ਅਸੀਂ ਸੁੱਟ ਛਡਦੇ ਹਾਂ ...ਆਹ ਵੇਖੋ 16 ਪੁੜੀਆਂ ਨੇ ਮੂੰਹ ਤਾਜਾ ਕਰਨ ਵਾਲੀਆਂ, ਕੱਲ ਦੀਆਂ ਆਈਆਂ ਚੀਜਾਂ ਦੇ ਨੇ ਗੱਤੇ ਦੇ ਤਿੰਨ ਖਾਲੀ ਡੱਬੇ, ਗੁਬਾਰਿਆਂ ਤੇ ਵਲੇਟਿਆ ਕਾਗਜ, ਗਲਾਸਾਂ ਦੇ ਦੋ ਖਾਲੀ ਡੱਬੇ ਤੇ ਪਲਾਸਟਿਕ ਦੇ ਤਿੰਨ ਬਾਲ ਪੈਨ !

**ਪਾਪਾ:** ਕੂੜੇਦਾਨ ਵਿੱਚ ਸੁਟੀਆਂ ਚੀਜਾਂ ਨਾਲ ਖੇਡਣਾ ਬੰਦ ਕਰ ! ਆ ਅਪਾਂ ਚੱਲੀਏ ਮਾਲ ਤੇ!

**ਮਾਂ:** ਰਵੀ ! ਏ ਸੀ ਬੰਦ ਨਾ ਕਰੀਂ ! ਸਾਡੇ ਮੁੜ ਕੇ ਆਉਂਦਿਆਂ ਨੂੰ ਕਮਰਾ ਠੰਢਾ ਹੋ ਜਾਵੇਗਾ ।

**ਰਵੀ:** (ਬੁੜਬੁੜਾਉਂਦਾ ਹੋਇਆ) ਟੀਚਰ ਤਾਂ ਕਹਿੰਦੇ ਸੀ ਲੋੜ ਤੋਂ ਬਿਨਾ ਬਿਜਲੀ ਦੇ ਉਪਕਰਨ ਬੰਦ ਰੱਖਣੇ ਚਾਹੀਦੇ ਹਨ।

(ਸੜਕਾਂ ਤੇ ਕਾਰ ਚੱਲਣ ਦੀਆਂ ਆਵਾਜਾਂ )

**ਮਾਂ:** ਏ ਸੀ ਚਲਾ ਦਿਓ! ਗਰਮੀ ਬੜੀ ਐ !

(ਏ ਸੀ ਦਾ ਸਵਿਚ ਦਬਾਉਣ ਦੀ ਆਵਾਜ)

**ਮਾਂ:** ( ਸੁਖ ਦਾ ਸਾਂਹ ਲੈਂਦੇ ਹੋਏ ) ਸਾਂਹ ਆ ਗਿਆ !

**ਪਾਪਾ:** ਚਲੋ ! ਪਹੁੰਚ ਹੀ ਗਏ ! ਪੰਜ ਮਿੰਟ ਦੇ ਪੈਦਲ ਫਾਸਲੇ ਤੇ ਲੱਗ ਗਿਆ ਅੱਧਾ ਘੰਟਾ ! ਭੀੜ ਹੀ ਅੰਤਾਂ ਦੀ ਐ ! ਐਨੀਆਂ ਕਾਰਾਂ! ਉਹ ਵੀ ਵੱਡੀਆਂ-ਵੱਡੀਆਂ ! ਦਸ ਸਾਲ ਪਹਿਲਾਂ ਤਾਂ ਸੜਕਾਂ ਤੇ ਐਨੀਆਂ ਕਾਰਾਂ ਨਹੀਂ ਸਨ !

**ਰਵੀ:** ਟੀਚਰ ਕਹਿੰਦੇ ਸਨ ਕਿ ਵੱਡੀਆਂ ਕਾਰਾਂ ਲਈ ਤਾਂ ਤੇਲ ਤੇ ਸਾਂਭ ਸੰਭਾਲ ਦੀ ਵੀ ਜਿਆਦਾ ਲੋੜ ਹੈ ! ਟੁੱਟੇ ਪੁਰਜੇ ਬਦਲਣੇ ਹੀ ਪੈਂਦੇ ਨੇ , ਮੁਰੰਮਤ ਨਹੀਂ ਕੀਤੀ ਜਾਂਦੀ । ਇਸ ਤਰ੍ਹਾਂ ਵੱਧ ਤੋਂ ਵੱਧ ਪੁਰਜੇ ਬਣਾਉਣੇ ਪੈਂਦੇ ਨੇ ਜਿਨ੍ਹਾਂ ਵਾਸਤੇ ਬਹੁਤ ਸਾਰੀ ਕੱਚੀ ਧਾਤ ਕੱਢਣੀ ਪੈਂਦੀ ਹੈ।ਬਹੁਤ ਸਾਰਾ ਪਲਾਸਟਿਕ ਬਣਾਉਣਾ ਪੈਂਦਾ ਹੈ , ਇਸ ਨਾਲ ਸਾਡੇ ਸੀਮਤ ਕੁਦਰਤੀ ਸ੍ਰੋਤਾਂ ਤੇ ਬੋਝ ਪੈਂਦਾ ਹੈ ।

**ਮਾਂ:** ( ਵਿਅੰਗ ਨਾਲ ) ਤੇ ਹੋਰ ਕੀ ਕਹਿੰਦੀ ਸੀ ਟੀਚਰ ਤੇਰੀ ?

**ਰਵੀ:** ( ਮਾਂ ਦੇ ਵਿਅੰਗ ਨੂੰ ਨਾ ਸਮਝਦੇ ਹੋਏ ਉਤਸਾਹ ਨਾਲ) ਉਹ ਕਹਿੰਦੇ ਸਨ ਕਿ ਇਹ ਇੱਕ ਸੋਚੀ ਸਮਝੀ ਚਾਲ ਹੈ ਚੀਜਾਂ ਤੇਜੀ ਨਾਲ ਬੇਰਿਵਾਜ ਕੀਤੀਆਂ ਜਾਂਦੀਆਂ ਹਨ ਤਾਕਿ ਨਵੀਂਆਂ ਹੀ ਲੈਣੀਆਂ ਪੈਣ ! ਨਿਰਮਾਤਾ ਬੜੀ ਜਲਦੀ ਡਿਜ਼ਾਈਨ ਬਦਲ ਦਿੰਦੇ ਨੇ, ਪੁਰਜੇ ਬਣਾਉਣੇ ਬੰਦ ਕਰ ਦਿੰਦੇ ਨੇ , ਘੱਟ ਚਲਣ ਵਾਲਾ ਸਮਾਨ ਵਰਤਦੇ ਨੇ ਤਾ ਕਿ ਚੀਜਾਂ ਜਲਦੀ ਟੁੱਟ ਭੱਜ ਜਾਣ ! ਇਸ ਨਾਲ ਲੋਕਾਂ ਨੂੰ ਨਵੀਂਆਂ ਚੀਜਾਂ ਖ੍ਰੀਦਨ ਲਈ ਮਜਬੂਰ ਹੋਣਾ ਪੈਂਦਾ ਹੈ ।

**ਪਾਪਾ:** ਰਵੀ ! ਚੁੱਪ ਕਰ !ਮੇਰੇ ਕੋਲ ਪੈਸੇ ਹਨ ! ਮੈਂ ਖ੍ਰੀਦ ਸਕਦਾ ਹਾਂ ! ਕਿਉਂ ਨਾ ਆਪਣੀ ਜਾਕਟ ਨਾਲ ਮਿਲਦਾ ਜੁਲਦਾ ਇੱਕ ਬਟੂਆ ਤੇ ਆਪਣੀਆਂ ਘੜੀਆਂ ਲਈ ਚਮੜੇ ਦਾ ਇੱਕ ਕੇਸ ਮੈਂ ਖ੍ਰੀਦਾਂ ?

**ਮਾਂ:** ਕਿੰਨੀ ਭੀੜ ਹੈ ? ਵੇਖੋ ! ਹਰ ਥਾਂ ਕਿੰਨੇ ਲੋਕ ਨੇ ?

**ਰਵੀ:** ( ਧੀਮੇ ਜਿਹੇ ਸੁਰ ਵਿੱਚ) 2011 ਵਿੱਚ ਭਾਰਤ ਵਿੱਚ 62.3 ਕਰੋੜ ਮਰਦ ਤੇ 58.6 ਕਰੋੜ ਔਰਤਾਂ ਸਨ, ਇਹ ਗਿਣਤੀ ਹੁਣ 2017 ਵਿੱਚ ਆ ਕੇ ਕਾਫੀ ਵਧ ਗਈ ਹੈ!

**ਮਾਂ:** (ਖਿਝ ਕੇ) ਤੈਨੂੰ ਲਗਦਾ ਐ ਕਿ ਸਾਰੇ ਨਰ ਨਾਰੀ ਉਠ ਕੇ ਅੱਜ ਇੱਥੇ ਮਾਲ ਵਿੱਚ ਹੀ ਆ ਗਏ? ਆਓ ਉਸ ਦੁਕਾਨ ਤੇ ਚੱਲੀਏ ! ( ਅਚਾਨਕ ਉਸ ਨੂੰ ਇੱਕ ਜਾਣਿਆਂ ਪਹਿਚਾਣਿਆ ਚਿਹਰਾ ਨਜਰੀ ਪੈਂਦਾ ਹੈ ) ਵਾਹ ਦਿਵਿਆ ਜੀ ! ਤੁਹਾਨੂੰ ਤੇ ਤੁਹਾਡੀ ਬੇਟੀ ਨੂੰ ਵੇਖ ਕੇ ਕਿੰਨਾ ਚੰਗਾ ਲੱਗ ਰਿਹਾ ਹੈ! ਅੱਛਾ ਤਾਂ ਤੁਸੀਂ ਤਿੰਨ ਪਰਸ ਖ੍ਰੀਦ ਲਏ, ਆਪਣੇ ਨਵੇਂ ਸੂਟਾਂ ਨਾਲ ਮਿਲਦੇ ਜੁਲਦੇ! ਰਵੀ... ਜਾਹ ਜਾ ਕੇ ਰਾਣੀ ਨਾਲ ਗੱਪ ਸ਼ੱਪ ਕਰ ਲੈ! ਜਾਓ ਭੋਜਨ ਦੀ ਦੁਕਾਨ ਤੇ ਜਾਕੇ, ਕੁੱਝ ਖਾ ਪੀ ਲੈਣਾ! ਠੀਕ ਐ ਨਾ ਸ੍ਰੀਮਤੀ ਸ਼ਰਮਾ?

**ਦ੍ਰਿਸ਼ ਬਦਲਾਅ ਸੰਗੀਤ**

**ਖਾਣ ਪੀਣ ਦੀ ਦੁਕਾਨ ਦਾ ਦ੍ਰਿਸ਼**

(ਰਵੀ ਤੇ ਰਾਣੀ ਖਾਣ ਪੀਣ ਦੀ ਦੁਕਾਨ ਤੇ ਨੇ )

**ਰਵੀ:** ਕੀ ਖਾਣਾ ਪਸੰਦ ਕਰੋਗੇ ?

**ਰਾਣੀ:** ਕੁਝ ਠੰਢਾ ਤੇ ਮੂੰਹ ਮਾਰਨ ਲਈ ਕੁੱਝ ਨਾ ਕੁੱਝ ! ਮੈਨੂੰ ਭੁੱਖ ਨ੍ਹੀਂ , ਪਰ ਕੁੱਝ ਨਾ ਕੁੱਝ ਤਾਂ ਲੈਣਾ ਹੀ ਐ !

(ਨਕਦੀ ਰਜਿਸਟਰ ਖੋਲ੍ਹਣ ਦੀ ਧੁਨੀ, ਮਾਈਕਰੋ ਵਿੱਚ ਭੋਜਨ ਗਰਮ ਕਰਨ ਦੀ ਧੁਨੀ, ਪਲੇਟਾਂ ਮੇਜ ਤੇ ਰੱਖਣ ਦਾ ਖੜਕਾ)

**ਰਵੀ:** ਸੁਰੂ ਕਰ ਦਿੱਤਾ ਸਾਰੇ ਕਬਾੜ ਦਾ ਲੇਖਾ ਜੋਖਾ ਰੱਖਣਾ ? ਮੇਰੀ ਸੂਚੀ ਤਾਂ ਪਹਿਲਾਂ ਹੀ ਬਹੁਤ ਲੰਬੀ ਹੋ ਗਈ ! ਮੈਂ ਤਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਅਸੀਂ ਹਰ ਰੋਜ ਕਿੰਨਾ ਕਬਾੜ ਸੁੱਟ ਛਡਦੇ ਹਾਂ !

**ਰਾਣੀ :** ( ਦੁਖੀ ਮਨ ਨਾਲ ) ਦੀਦੀ ਤੇ ਮੰਮੀ ਦੀ ਅੱਜ ਦੀ ਖ੍ਰੀਦਦਾਰੀ ਖੁਲ੍ਹਣ ਤੇ ਤਾਂ ਮੇਰੀ ਸੂਚੀ ਤਾਂ ਰਬੜ ਵਾਂਗ ਵੱਧ ਜਾਵੇਗੀ! ਕਾਰ ਭਰੀ ਪਈ ਹੈ।ਮੰਮੀ ਦਾ ਕਪੜੇ ਧੋਣ ਦਾ ਪੋਡਰ ਪਲਾਸਟਿਕ ਦੇ ਲਿਫਾਫੇ ਵਿੱਚ ਹੁੰਦਾ ਹੈ, ਜਿਹੜਾ ਅੱਗੋਂ ਗੱਤੇ ਦੇ ਇੱਕ ਹੋਰ ਵੱਡੇ ਸਡੱਬੇ ਵਿੱਚ ਬੰਦ ਹੁੰਦਾ ਹੈ ।ਕਿੰਨੀ ਬਰਬਾਦੀ! ਕਾਗਜ਼ ਬਣਾਉਣ ਲਈ ਕਿੰਨੇ ਕੱਟੇ ਜਾਂਦੇ ਨੇ ਰੁੱਖ!

**ਰਵੀ:** ਆਹ ਵੇਖੋ ! ਥਰਮੋਕੋਲ ਦੇ ਕੱਪ ਪਲੇਟਾਂ, ਕਾਗਜ਼ ਦੇ ਰੁਮਾਲ ਤੇ ਪਲਾਸਟਿਕ ਦੇ ਚਮਚੇ, ਕਾਂਟੇ, ਛੁਰੀਆਂ !

**ਰਾਣੀ:** ਇਹ ਸੱਭ ਕੁੱਝ ਬਣ ਜਾਵੇਗਾ ਕਬਾੜ ! ਤੇ ਇਹ ਤਾਂ ਗਲੇ - ਸੜੇਗਾ ਵੀ ਨਹੀਂ !

**ਰਵੀ:** ਹਾਂ ! ਮੈਂ ਕਲੱਕੱਤੇ ਵਿਖੇ ਹਵਾਈ ਅੱਡੇ ਤੋਂ ਨਮਕ ਝੀਲ (ਸਾਲਟ ਲੇਕ) ਵੱਲ ਜਾ ਰਿਹਾ ਸੀ , ਰਸਤੇ ਵਿੱਚ ਮੈਨੂੰ ਇੱਕ ਪਹਾੜੀ ਜਿਹੀ ਦਿਸੀ ਜਿਸ ਉਪਰ ਇਲ੍ਹਾਂ ਤੇ ਗਿੱਧ ਮੰਡਰਾ ਰਹੇ ਸਨ !

**ਰਾਣੀ:** ( ਹੈਰਾਨੀ ਨਾਲ) ਪਹਾੜੀ...! ਉਹ ਵੀ ਕਲਕੱਤੇ ਵਿੱਚ ?

**ਰਵੀ:** (ਦੁੱਖ ਨਾਲ) ਹਾਂ ! ਡਰਾਈਵਰ ਨੇ ਮੈਨੂੰ ਦੱਸਿਆ ਕਿ ਇਹ ਕੂੜ ਕਬਾੜ ਸਿੱਟਣ ਦੀ ਥਾਂ ਹੈ । ਸਾਰੇ ਸ਼ਹਿਰ ਦਾ ਕੂੜ ਕਬਾੜ 1980 ਤੋਂ ਸੁਟਿਆ ਜਾ ਰਿਹਾ ਹੈ ,ਇਸ ਨੂੰ ਦਬਣ ਲਈ ਕੋਈ ਜਗ੍ਹਾ ਨਹੀਂ ਬਚੀ ਇਸ ਲਈ ਇਹ ਬਣ ਗਿਆ ਪਹਾੜੀ ਨੁਮਾ !

**ਰਾਣੀ :** ਅੱਛਾ ਤਾਂ ਤੇ ਇਹ ਦਿੱਲੀ ਵਿਖੇ ਗਾਜ਼ੀਪੁਰ ਦੀ ਤਰ੍ਹਾਂ ਹੋਵੇਗਾ! ਮੈਨੂੰ ਲੱਗਦਾ ਹੈ ਕਿ ਸਾਰੇ ਮਹਾਂ ਨਗਰਾਂ ਵਿੱਚ ਕੂੜ ਕਬਾੜ ਲਈ ਇਸੇ ਤਰ੍ਹਾਂ ਦੇ ਥਾਂ ਹੋਣਗੇ ! ਨਹੀਂ ਤਾਂ ਉਹ ਇਸ ਕੂੜ ਕਬਾੜ ਤੋਂ ਕਿਵੇਂ ਛੁਡਾਉਣਗੇ ਪੱਲਾ ...... ਅਸੀਂ ਕੂੜ ਕਬਾੜ ਰਹਿਤ ਨਹੀਂ ਬਣ ਸਕਦੇ ? ਕੀ ਅਸੀਂ ਬਣ ਸਕਦੇ ਹਾਂ ?

**ਰਵੀ:** ਕਹਿੰਦੇ ਨੇ ਕਿ ਅਮੀਰ ਮੁਲਕਾਂ ਨੇ 'ਵਰਤੋ ਤੇ ਸੁੱਟੋ' ਧਾਰਣਾ ਬਣਾ ਦਿੱਤੀ, ਜਿਸ ਕਰਕੇ ਬੇਹਿਸਾਬ ਕਬਾੜ ਪੈਦਾ ਹੋ ਰਿਹਾ ਹੈ।

**ਰਾਣੀ :** ਪਰ ਸਾਰੇ ਦੇ ਸਾਰੇ ਅਮੀਰ ਮੁਲਕਾਂ ਵਿੱਚ ਤਾਂ ਅਜਿਹੀ ਕਬਾੜ ਵਾਲੀ ਜੀਵਣ ਸ਼ੈਲੀ ਨਹੀਂ! ਕਈ ਅਮੀਰ ਮੁਲਕ ਖਾਸ ਕਰਕੇ ਯੂਰਪ ਦੇ ਮੁਲਕ ਪਰਿਆਵਰਣੀ ਮਿੱਤਰ ਤੇ ਹਰਿਤ ਜੀਵਣ ਸ਼ੈਲੀ ਵਾਲੇ ਨੇ !

**ਰਵੀ:** ਹਾਂ ਸਵੀਡਨ ਵਿੱਚ ਕਬਾੜ ਨਹੀਂ ਪੈਦਾ ਹੁੰਦਾ ! ਜੇ ਕਰ ਅਸੀਂ ਕਬਾੜ ਰਹਿਤ ਨਹੀਂ ਵੀ ਹੋ ਸਕਦੇ ਤਾਂ ਘੱਟੋ ਘੱਟ ਇਹ ਤਾਂ ਕਰ ਹੀ ਸਕਦੇ ਹਾਂ ਕਿ ਘੱਟ ਤੋਂ ਘੱਟ ਕਬਾੜ ਪੈਦਾ ਕਰੀਏ ਤੇ ਉਸਦਾ ਸਹੀ ਨਿਪਟਾਰਾ ਕਰੀਏ । ਅਸੀਂ ਥਰਮੋਕੋਲ ਦੇ ਕੱਪ ਪਲੇਟਾਂ, ਤੇ ਪਲਾਸਟਿਕ ਦੇ ਚਮਚੇ, ਕਾਂਟੇ , ਛੁਰੀਆਂ ਦੀ ਵਰਤੋਂ ਕਿਉਂ ਕਰਦੇ ਹਾਂ ? ਕੀ ਅਸੀਂ ਢੱਕ ਦੇ ਪੱਤਿਆਂ ਦੀਆਂ ਪੱਤਲਾਂ ਤੇ ਡੂਨੇ ਨਹੀਂ ਵਰਤ ਸਕਦੇ ? ਸੁੱਟਣ ਤੇ ਇਹ ਧਰਤੀ ਮਾਤਾ ਨੂੰ ਬਿਨਾ ਕੋਈ ਨੁਕਸਾਨ ਪਹੁੰਚਾਏ ਤੇਜੀ ਨਾਲ ਗਲ-ਸੜ ਜਾਂਦੇ ਨੇ !

**ਦ੍ਰਿਸ਼ ਬਦਲਾਅ ਸੰਗੀਤ**

**ਮੰਚ ਦਾ ਦ੍ਰਿਸ਼**

**ਧਰਤੀ ਦੀ ਵਿਥਿਆ**

**( ਧਰਤੀ ) ਔਰਤ ਸੂਤਰਧਾਰ:** ਮੈਂ ਤੇ ਤੁਸੀਂ ਸਾਰਿਆਂ ਨੇ ਰਵੀ ਤੇ ਰਾਣੀ ਦੇ ਪਰਿਵਾਰਾਂ ਦੀ ਸ਼ਾਮ ਵੇਖੀ ਹੈ ! ਇਹ ਕਾਫੀ ਹੈ ਇਸ ਵਤੀਰੇ ਨੂੰ ਸਮਝਣ ਦੇ ਲਈ ! ਬਹੁਤ ਹੀ ਖਤਰਨਾਕ ਹੈ ਇਹ ਵਤੀਰਾ ! ਕਹਿੰਦੀ ਹਾਂ ਮੈਂ ਇਸਨੂੰ ਮਨ ਦਾ ਖਪਤਕਾਰ ਚੌਖਟਾ ! ਇਸ ਤਰਜ ਤੇ ਸੋਚਣ ਵਾਲੇ, ਖਪਤ ਕਰਦੇ ਨੇ ਹਰ ਚੀਜ ਦੀ, ਜਿਆਦਾ ਤੋਂ ਜਿਆਦਾ! ਉਹ ਤਾਂ ਸੋਚਦੇ ਹੀ ਨਹੀਂ ਕਿ ਮੇਰੇ ਗਰਭ ਵਿੱਚੋਂ ਕੱਢੇ ਗਏ ਸ੍ਰੋਤ ਹੀ ਵਰਤੇ ਜਾਂਦੇ ਨੇ ਸੱਭ ਕਾਸੇ ਦੇ ਨਿਰਮਾਨ ਦੇ ਲਈ ! ਸ੍ਰੋਤ ਮੇਰੇ ਨੇ ਵਿਸ਼ਾਲ ਪਰ ਅੰਤਹੀਣ ਤਾਂ ਨਹੀਂ ਨਾ ! ਕਈ ਸ੍ਰੋਤ ਤਾਂ ਤੁਰੰਤ ਮੁੜ ਭਰਾਈ ਯੋਗ ਵੀ ਨਹੀਂ ! ਇੱਕ ਵਾਰ ਖਤਮ ਹੋ ਗਏ ਤਾਂ ਬੱਸ ਖਤਮ ! ਤੇਲ ਭੰਡਾਰ ਵਰਗੇ ਸ੍ਰੋਤ ਨੇ ਨਾ ਨਵਿਆਉਣਯੋਗ! ਕੋਲਾ, ਕੱਚਾ ਤੇਲ ਤੇ ਕੁਦਰਤੀ ਗੈਸ ਹੈ ਪਥਰਾਹਟੀ ਬਾਲਣ! ਬਣੇ ਸਨ ਇਹ ਕਰੋੜਾਂ ਸਾਲ ਪਹਿਲਾਂ ਪਾਏ ਜਾਂਦੇ ਪੌਦਿਆਂ ਤੇ ਜਾਨਵਰਾਂ ਦੀ ਰਹਿੰਦ-ਖੂੰਹਦ ਤੋਂ! ਕੀ ਤੁਹਾਨੂੰ ਉਮੀਦ ਹੈ ਕਿ ਇਹ ਸ੍ਰੋਤ ਨਵੇਂ ਬਣਕੇ ਮਿਲ ਸਕਦੇ ਨੇ ਤੁਹਾਨੂੰ ? ਇੱਕ ਵਾਰ ਖਤਮ ਹੋ ਜਾਣ ਤੋਂ ਬਾਅਦ ਵੀ ? ਇੱਕ ਸਦੀ ਦੀ ਗੱਲ ਹੈ , ਟੁੱਟੇ ਦੀ ਮੁਰੰਮਤ ਕਰ ਲੈਂਦੇ ਸਨ ਜਾਂ ਇਸਦੇ ਸਮਾਧਾਨ ਦਾ ਕੋਈ ਹੋਰ ਤਰੀਕਾ ਕੱਢ ਲੈਂਦੇ ਸਨ। ਪਰ ਬਾਅਦ ਵਿੱਚ ਅਮੀਰ ਦੇਸਾਂ ਨੇ ਟੁੱਟੀਆਂ ਵਸਤਾਂ ਨੂੰ ਸੁੱਟਣਾ ਸੁਰੂ ਕਰ ਦਿੱਤਾ ਤੇ ਨਵੀਂ ਲੈ ਲੈਂਦੇ ਸਨ ਬਿਨਾ ਦੂਜੀ ਵਾਰ ਸੋਚਨ ਦੇ! ਇਸ ਨਾਲ ਹੋਰ ਜਿਆਦਾ ਮੰਗ ! ਹੋਰ ਨਵੀਂਆਂ ਵਸਤਾਂ ਦਾ ਨਿਰਮਾਣ! ਕੱਚੇ ਮਾਲ ਦੀ ਵੱਧਦੀ ਮੰਗ ! ਮੇਰੇ ਸ੍ਰੋਤਾਂ ਦੀ ਵਧਦੀ ਵਰਤੋਂ !

……………**ਦ੍ਰਿਸ਼ ਬਦਲਾਅ** …………

**ਝਾਕੀ ਹਿੰਦੁਸਤਾਨ ਦੀ**……

ਇੱਕ ਜਗ੍ਹਾ ਹੈ ਜਿਸਨੂੰ ਕਹਿੰਦੇ ਨੇ ਹਿੰਦੁਸਤਾਨ ! ਜਿਥੇ ਰਖਦੇ ਸਨ ਮੇਰੇ ਸ੍ਰੋਤਾਂ ਦਾ ਬਹੁਤ ਧਿਆਨ!

ਕਬਾੜੀ ਪੁਰਾਣੇ ਤੇ ਟੁੱਟੇ ਭੱਜੇ ਸਮਾਨ ਨੂੰ ਖ੍ਰੀਦ ਲੈਂਦੇ ਸਨ ਤੇ ਫਿਰ ਇਨ੍ਹਾਂ ਦਾ ਪੁਨਰ ਚਕਰੀ ਕਰਨ ਕੀਤਾ ਜਾਂਦਾ ਸੀ !

ਭਾਵ ਇਸ ਕਬਾੜ ਨੂੰ ਢਾਲ ਕੇ ਮੁੜ ਨਵੀਂਆਂ ਵਸਤਾਂ ਬਣਾ ਲਈਆਂ ਜਾਂਦੀਆਂ ਸਨ । ਇਹ ਸਨ ਮੇਰੇ ਹਰਿਤ ਦੂਤ ! ਕਰਦੇ ਸਨ ਮਦਦ ਜਿਹੜੇ ਮੇਰੇ ਸ੍ਰੋਤਾਂ ਦੇ ਮੁੜ ਚਕਰੀ ਕਰਨ ਵਿੱਚ ! ਸਥਾਨਕ ਦੁਕਾਨਦਾਰ ਪੁਰਾਣੀਆਂ ਕਾਪੀਆਂ ਦੇ ਬਣੇ ਲਿਫਾਫੇ ਵਰਤਦੇ ਸਨ ! ਉਹ ਪਲਾਸਟਿਕ ਨਹੀਂ ਸਨ ਵਰਤਦੇ ! ਖਾਲੀ ਵਾਰਦਾਨਾ ਹੋਰ ਵਸਤਾਂ ਦੇ ਭੰਡਾਰਣ ਲਈ ਵਰਤਿਆ ਜਾਂਦਾ ਸੀ ! ਪੁਰਾਣੀਆਂ ਸਾੜੀਆਂ ਦੇ ਕੰਬਲ ਤੇ ਰਜਾਈਆਂ ਤੇ ਬੱਚਿਆਂ ਲਈ ਪੋਤੜੇ ਬਣਾ ਲਏ ਜਾਂਦੇ ਸਨ ! ਰਵਾਇਤੀ ਤੌਰ ਤੇ ਭਾਰਤ ਵਿੱਚ ਬਹੁਤ ਹੀ ਘੱਟ ਕਬਾੜ ਪੈਦਾ ਕੀਤਾ ਜਾਂਦਾ ਸੀ ਤੇ ਉਨ੍ਹਾਂ ਨੂੰ ਟੋਇਆਂ ਵਿੱਚ ਨਹੀਂ ਸੀ ਸੁਟਿਆ ਜਾਦਾ ! ਰਵੀ ਤੇ ਰਾਣੀ ਦੇ ਮਾਪੇ ਵੀ ਭਾਰਤ ਦੇ ਹੀ ਵਸਿੰਦੇ ਨੇ! ਪਰ ਉਨ੍ਹਾਂ ਨੇ ਅਪਣਾ ਲਈ ਨਵੀਂ ਜੀਵਣ ਸ਼ੈਲੀ ਜੋ ਕੁੱਝ ਅਮੀਰ ਦੇਸਾਂ ਦੀ ਸੁੱਟਣ ਵਾਲੀ ਜੀਵਣ ਸ਼ੈਲੀ ਹੈ ! ਅਜੇ ਵੀ ਪੂਰੀ ਉਮੀਦ ਖਤਮ ਨਹੀਂ ਹੋਈ ! ਯੁਵਕ ਪੀੜ੍ਹੀ ਮੇਰੇ ਦੁਖਾਂ ਪ੍ਰਤੀ ਸਚੇਤ ਲੱਗਦੀ ਹੈ ! ਆਓ ਵੇਖੀਏ ਕਿ ਭਾਰਤ ਦੇ ਬਾਕੀ ਹਿੱਸਿਆਂ ਵਿੱਚ ਕੀ ਹੋ ਰਿਹਾ ਹੈ ?

**ਦ੍ਰਿਸ਼ ਬਦਲਾਅ ਸੰਗੀਤ**

**ਪਿੰਡ ਦਾ ਦ੍ਰਿਸ਼**

ਪਿੰਡ ਵਿੱਚ ਪੰਛੀਆਂ ਦੇ ਚਹਿ ਚਹਾਉਣ, ਗਾਈਆਂ ਦੇ ਰੰਭਣ ਤੇ ਸਾਈਕਲਾਂ ਦੀਆਂ ਟੱਲੀਆਂ ਦੀਆਂ ਅਵਾਜਾਂ ! ਇਸੇ ਵਿੱਚ ਦੂਰੋਂ ਇੱਕ ਆਵਾਜ ! ਟੁੱਟੀਆਂ ਜ਼ਿਪਾਂ , ਟੁੱਟੀਆਂ ਚੇਨਾਂ ਠੀਕ ਕਰਵਾ ਲਓ !

**ਕਮਲਾ :** ( ਹਰੀ ਦੀ ਮਾਂ ) ਵੇ ਹਰੀਆ ... ਭੱਜ ਕੇ ਜਾਹ ... ਜ਼ਿਪ ਠੀਕ ਕਰਨ ਵਾਲੇ ਨੂੰ ਰੋਕ ! ਤੇਰੀ ਪੈਂਟ ਦੀ ਜ਼ਿਪ ਟੁੱਟੀ ਹੋਈ ਐ ! ਠੀਕ ਕਰਵਾ ਕੇ ਨਵੀਂ ਵਰਗੀ ਹੀ ਬਣ ਜਾਵੇਗੀ !

**ਹਰੀਆ:**(ਇੱਕ ਉਮੀਦ ਭਰੀ ਅਵਾਜ ਵਿੱਚ) ਮੈਂ ਮੋਤੀ ਚਾਚੇ ਦੀ ਦੁਕਾਨ ਤੇ ਨਵੀਂ ਪੈਂਟ ਵੇਖੀ ਹੈ ਮੈਨੂੰ ਉਹ ਹੀ ਲੈ ਦਿਓ !

**ਕਮਲਾ:** ਖ੍ਰੀਦ ਤਾਂ ਲਈਏ ਪਰ ਕਿਉਂ ? ਤੇਰੀ ਪੈਂਟ ਤਾਂ ਅਜੇ ਨਵੀਂ ਵਰਗੀ ਹੈ ਬਹੁਤ ਚਿਰ ਹੰਢਣ ਵਾਲੀ ਐ ਅਜੇ ਤਾਂ! ਜਾਹ ! ਜਾਕੇ ਮੁਰੰਮਤ ਕਰਨ ਵਾਲੇ ਨੂੰ ਰੋਕ ! ਮੇਰੀ ਛਤਰੀ ਵੀ ਫੜਾ ! ਮੈਂ ਤਾਂ ਰੋਟੀ ਵੀ ਲੈ ਕੇ ਜਾਣੀ ਐ ਖੇਤ!

**ਹਰੀਆ:** ਛਤਰੀ ਵੀ ਨਵੀਂ ਲੈਣ ਵਾਲੀ ਐ ਇਸਦੀਆਂ ਤਾਂ ਤਾਰਾਂ ਹੀ ਨਿੱਕਲੀਆਂ ਪਈਆਂ ਨੇ !

**ਕਮਲਾ:** ਕੋਈ ਗੱਲ ਨਹੀਂ! ਜਾਹ ਭੱਜ ਕੇ ਜਾਹ! ਜ਼ਿਪ ਠੀਕ ਕਰਨ ਵਾਲੇ ਨੂੰ ਬੁਲਾ ਕੇ ਲਿਆ ! ਕਿਤੇ ਚਲਾ ਨਾ ਜਾਵੇ !

( ਹਰੀਆ ਜ਼ਿਪ ਠੀਕ ਕਰਨ ਵਾਲੇ ਨੂੰ ਰਸਤਾ ਦਸਦਾ ਹੈ ਤੇ ਸਾਈਕਲ ਦੇ ਰੁਕਣ ਦੀ ਅਵਾਜ )

**ਜ਼ਿਪ ਠੀਕ ਕਰਨ ਵਾਲਾ :** ਵਾਹ ਇਹ ਪੈਂਟ ਤਾਂ ਨਵੀਂ ਪਈ ਐ! ਜਦ ਇਸਦੀ ਜ਼ਿਪ ਬਦਲ ਦਿੱਤੀ ਤਾਂ ਇਹ ਬਿਲਕੁੱਲ ਅੱਬਲ ਦਰਜੇ ਦੀ ਬਣ ਜਾਵੇਗੀ ! ਮੈਂ ਛਤਰੀਆਂ ਵੀ ਠੀਕ ਕਰਦਾ ਹਾਂ ! ਆਹ ਤਾਰ ਬਦਲ ਦਿੰਦਾ ਹਾਂ ! ਤੁਹਾਡੀ ਛਤਰੀ ਵੀ ਨਵੀਂ ਵਰਗੀ ਬਣ ਜਾਵੇਗੀ ! ਲਓ ਹੋ ਗਿਆ ਸਾਰਾ ਕੰਮ ! ਪੰਜ ਜ਼ਿਪ ਦੇ ਤੇ ਦਸ ਛਤਰੀ ਦੇ !

**ਕਮਲਾ:** ਹਾਂ ਠੀਕ ਹੈ ਆਹ ਲੈ ਆਪਣੇ ਪੈਸੇ , ਹਰੀਆ ! ਮੈਂ ਜਾ ਰਹੀ ਹਾਂ ਖੇਤ , ਤੂੰ ਆਪਣੀ ਭੈਣ ਦਾ ਧਿਆਨ ਰੱਖੀਂ । ਜੇ ਪੋਤੜਾ ਬਦਲਣ ਦੀ ਲੋੜ ਪਈ ਤਾਂ ਆਹ ਗੰਢੜੀ ਪਈ ਹੈ ਕੂਲੇ-ਕੂਲੇ ਪੋਤੜਿਆਂ ਦੀ ! ਕੱਲ ਹੀ ਬਣਾਏ ਨੇ ਮੈਂ ਆਪਣੀ ਪੁਰਾਣੀ ਸਾੜੀ ਵਿੱਚੋਂ ! ਇਸਦੇ ਕੋਲ ਬੈਠ ਜਾਹ ਤੇ ਆਪਣਾ ਸਕੂਲ ਦਾ ਕੰਮ ਕਰ ਲੈ ।

( ਉਧਰ ਖੇਤ ਵਿੱਚ ਹਰੀਏ ਦਾ ਬਾਪੂ ਬੀ. ਡੀ. ਓ ਸ੍ਰੀ ਸ਼ਰਮਾ ਨਾਲ ਗੱਲ ਕਰ ਰਿਹਾ ਹੈ, ਦੂਰੋਂ ਗਾਈਆਂ ਦੀਆਂ ਅਵਾਜਾਂ, ਇੱਕ ਮੋਟਰ ਸਾਈਕਲ ਲੰਘਦਾ ਹੈ , ਬੋਰ ਵਿੱਚੋਂ ਪਾਣੀ ਦੇ ਖੇਤਾਂ ਨੂੰ ਜਾਣ ਦੀ ਆਵਾਜ ।)

**ਰਾਮੂ:** ਸ਼ਰਮਾ ਜੀ ! ਕੱਲ ਸਰਪੰਚ ਨੇ ਸਾਡੇ ਨਾਲ ਗੱਲ ਕੀਤੀ ਸੀ ਸ੍ਰੋਤਾਂ ਦੇ ਘਟਣ ਦੀ ! ਮੈਂ ਤਾਂ ਸਮਝ ਨਹੀਂ ਸਕਿਆ ਉਨ੍ਹਾਂ ਦੀ ਗੱਲ, ਮੈਂ ਤਾਂ ਆਪਣੇ ਬੋਰ ਦੇ ਨੀਚੇ ਜਾ ਰਹੇ ਪਾਣੀ ਕਰਕੇ ਚਿੰਤਾ ਵਿੱਚ ਡੁਬਿਆ ਪਿਆ ਸੀ ਜਿਸ ਕਰਕੇ ਮੈਂ ਧਿਆਨ ਨਾਲ ਸੁਣ ਹੀ ਨਹੀਂ ਸਕਿਆ ।

**ਸ਼ਰਮਾ ਜੀ:** ਬੱਸ ਇਹੀ ਤਾਂ ਗੱਲ ਸੀ ਜੋ ਸਰਪੰਚ ਕਰ ਰਿਹਾ ਸੀ । ਤੁਸੀਂ ਵੇਖਿਆ ਹੋਵੇਗਾ ਕਿ ਤੁਹਾਡੇ ਗੁਆਂਢੀ ਘੰਟਿਆਂ ਬੱਧੀ ਬੋਰ ਚਲਾਉਂਦੇ ਰਹਿੰਦੇ ਨੇ । ਸਿੰਜਾਈ ਦੇ ਨਾਮ ਉਹ ਪਾਣੀ ਦੀ ਵਰਤੋਂ ਬਹੁਤ ਹੀ ਜਿਆਦਾ ਕਰ ਰਹੇ ਹਨ । ਐਨੇ ਪਾਣੀ ਦੀ ਮੁੜ ਭਰਾਈ ਹੋ ਹੀ ਨਹੀਂ ਸਕਦੀ !

**ਰਾਮੂ** : ਹਾਂ ਜੀ ਠੀਕ ਤਾਂ ਹੈ, ਪਰ ਕੀ ਕਰਨ ਉਹ ਵੀ ? ਪਾਣੀ ਦੀ ਤਾਂ ਲੋੜ ਹੀ ਬਹੁਤ ਜਿਆਦਾ ਐ !

ਸ਼ਰਮਾ: ਹਾਂ ਖੇਤੀ ਲਈ ਭਾਰਤ ਕੁੱਲ ਦੁਨੀਆਂ ਵਿੱਚ ਸੱਭ ਤੋਂ ਵੱਧ ਵਰਤੋਂ ਕਰਦਾ ਹੈ ਧਰਤੀ ਹੇਠਲੇ ਪਾਣੀ ਦੀ !

**ਰਾਮੂ:** ਹਾਂ ਜੀ ! ਤਾਂ ਹੀ ਤਾਂ ਹਰ ਸਾਲ ਪਾਣੀ ਡੂੰਘਾ ਹੁੰਦਾ ਜਾਂਦਾ ਹੈ ! ਦਰਿਆਵਾਂ ਵਿੱਚ ਵੀ ਪਾਣੀ ਘੱਟ ਰਿਹਾ ਹੈ ।ਪਰ ਅੰਨ ਪੈਦਾ ਕਰਨ ਦੀ ਵੀ ਤਾਂ ਲੋੜ ਹੈ ?

**ਸ਼ਰਮਾ:** ਪਰ ਵਧਦੀ ਆਬਾਦੀ, ਵਧਾਈਆਂ ਗਈਆਂ ਲੋੜਾਂ ਤੇ ਗੈਰ ਕੁਦਰਤੀ ਖੇਤੀ ਨੇ ਪਾਣੀ ਦੇ ਇਸ ਸੰਕਟ ਨੂੰ ਵਧਾਇਆ ਹੈ । ਸੱਤਰਵਿਆਂ ਵਿੱਚ ਤਾਂ ਲੱਗਦਾ ਸੀ ਕਿ ਅਕਾਲ ਪੈ ਜਾਣਗੇ , ਲੋਕਾਈ ਭੁੱਖ ਨਾਲ ਮਰ ਜਾਵੇਗੀ !

**ਰਾਮੂ:** ਪਰ ਅਜਿਹਾ ਕੁੱਝ ਹੁਣ ਕਦੀ ਵਾਪਰਿਆ ਤਾਂ ਨਹੀਂ ਨਾ !

**ਸ਼ਰਮਾ:** ਹਾਂ! ਉਦੋਂ ਤਕਨੀਕ ਤੇ ਵਿਗਿਆਨ ਦੇ ਵਿਕਾਸ ਤੇ ਇਸਦੀਆਂ ਸਰੱਥਾਵਾਂ ਦਾ ਅੰਦਾਜ਼ਾ ਨਹੀਂ ਸੀ ਲੱਗ ਸਕਿਆ!

**ਰਾਮੂ:** ਚੰਗੇ ਬੀਜ, ਖਾਦਾਂ, ਕੀਟ ਨਾਸਕ, ਆਵਜਾਈ, ਢੋ ਢੁਆਈ ਤੇ ਸਾਂਭ ਸੰਭਾਲ ਨੇ ਬਹੁਤ ਫਰਕ ਪਾਇਆ ਹੈ ਜੀ !

**ਸ਼ਰਮਾ:** ਪਰ ਵਧਦੀਆਂ ਲੋੜਾਂ ਵਿੱਚ ਤਾਂ ਸਾਡੀ ਮੰਗ ਵੀ ਵੱਧ ਰਹੀ ਹੈ! ਇਹੀ ਤਾਂ ਹੈ ਦਰਅਸਲ ਗੱਲ ਜੋ ਬਣਦੀ ਹੈ ਇਸ ਸੰਕਟ ਦਾ ਕਾਰਨ !

**ਰਾਮੂ:** ਵੇਖੋ ਜੀ ਸਾਨੂੰ ਤਾਂ ਐਵੇਂ ਦੋਸ਼ ਦਿੱਤਾ ਜਾ ਰਿਹਾ ਹੈ ! ਆਹ ਵੱਡੇ-ਵੱਡੇ ਪੁਲਾਂ ਨੇ ਤੇ ਅੰਤਾਂ ਦੀਆਂ ਚੌੜੀਆਂ ਸੜਕਾਂ ਨੇ ਖਾ ਲਏ ਅਨੇਕਾਂ ਦਰਖਤ ਤੇ ਖਤਮ ਕਰ ਦਿੱਤੀ ਹਰਿਆਲੀ ! ਸ਼ਹਿਰਾਂ ਵਿੱਚ ਕੂੜ ਕਬਾੜ ਦੇ ਜੋ ਢੇਰ ਪੈਦਾ ਕੀਤੇ ਜਾ ਰਹੇ ਨੇ, ਉਹ ਵੀ ਨੇ ਇੱਕ ਵੱਡਾ ਕਾਰਕ ਧਰਤੀ ਦੀ ਇਸ ਬਰਬਾਦੀ ਵਿੱਚ !

**ਸ਼ਰਮਾ:** ਹਾਂ ਪਰਿਆਵਰਣ ਦੀ ਖਰਾਬੀ ਬਾਬਤ ਤਾਂ ਇੱਕ ਅਮਰੀਕੀ ਵਿਗਿਆਨੀ ਰਕੇਲ ਕਾਰਸਨ ਨੇ 1962 ਵਿੱਚ ਹੀ ਕਿਤਾਬ ਛਾਪ ਦਿੱਤੀ ਸੀ, ਪਰ ਅਸੀਂ ਕੋਈ ਧਿਆਨ ਨਹੀਂ ਦਿੱਤਾ ।

**ਰਾਮੂ** : ਅੱਛਾ ਜੀ ! ਅੱਧੀ ਸਦੀ ਪਹਿਲਾਂ ਹੀ !

**ਸ਼ਰਮਾ:** ਹਾਂ ! ਇਹ ਮਹਿਲਾ ਇੱਕ ਸਮੁੰਦਰੀ ਜੀਵ ਵਿਗਿਆਨੀ ਸੀ ! ਇਸਦੀ ਕਿਤਾਬ ਸੀ **'ਸ਼ਾਂਤ ਝਰਨਾ'** ਜਿਸ ਨੂੰ ਸਾਲ 2006 ਵਿੱਚ ਸੰਸਾਰ ਦੀਆਂ ਵਿਗਿਆਨ ਦੀਆਂ ਪਹਿਲੀਆਂ 25 ਕਿਤਾਬਾਂ ਦੀ ਸੂਚੀ ਵਿੱਚ ਸਥਾਨ ਪ੍ਰਾਪਤ ਹੋਇਆ।ਕੀ ਅਸੀਂ ਅਜੇ ਵੀ ਦਾਅਵਾ ਕਰ ਸਕਦੇ ਹਾਂ ਕਿ ਉਨ੍ਹਾਂ ਦੇ ਸੰਦੇਸ ਨਾਲ ਸਾਨੂੰ ਕੋਈ ਜਾਗਰੂਕਤਾ ਆਈ ?

ਕਮਲਾ ਦੀ ਆਮਦ! ਉਸਨੂੰ ਸਾਂਹ ਚੜ੍ਹਿਆ ਹੈ ! ਟੋਕਰੀ ਲਾਹੁੰਦੇ ਹੋਏ ਉਸਦੀਆਂ ਵੰਗਾਂ ਛਣਕਦੀਆਂ ਹਨ !

**ਕਮਲਾ:** ( ਸਾਂਹ ਚੜ੍ਹਿਆ ਹੈ ) ਸ਼ਰਮਾ ਜੀ ਨਮਸਤੇ ! ਐਨੇ ਗੰਭੀਰ ਕਿਉਂ ਬਣੇ ਬੈਠੇ ਹੋ ?

**ਸ਼ਰਮਾ**: ਨਮਸਤੇ ਭਾਬੀ ! ਅਸੀਂ ਤਾਂ ਬੱਸ ਆਹ ਧਰਤੀ ਦੇ ਬੰਜਰ ਹੋਣ ਦੀ ਗੱਲ ਕਰ ਰਹੇ ਸੀ !

**ਕਮਲਾ**: ਧਰਤੀ ਬੰਜਰ! ਉਹ ਤਾਂ ਸਾਰੇ ਰੁੱਖ ਹੀ ਕੱਟੀ ਜਾਂਦੇ ਨੇ , ਜਲਦੀ ਹੀ ਜੰਗਲ ਹੋ ਜਾਣਗੇ ਖਤਮ , ਮੀਹਾਂ ਵਿੱਚ ਭੂ ਖੋਰ ਹੋਵੇਗਾ ਵਾਧੂ ! ਵੇਖ ਲੈਣਾ ! ਉਪਜਾਊ ਮਿਟੀ ਜਾਵੇਗੀ ਰੁੜ੍ਹ !

**ਰਾਮੂ**: ਹਾਂ ਜੀ ! ਰੁੜ੍ਹ ਜਾਵੇਗੀ ਆਹ ਮਿਟੀ ਤਾਂ !

**ਸ਼ਰਮਾ** : ਹਾਂ ਜੀ ! ਹਰ ਸਾਲ 1 ਕਰੋੜ 80 ਲੱਖ ਏਕੜ ਜੰਗਲ ਤਾਂ ਦਿੱਤੇ ਜਾਂਦੇ ਨੇ ਵੱਢ !

**ਕਮਲਾ**: ਹਾਂ ! ਧਰਤੀ ਦੇ ਅੱਧੇ ਜੰਗਲ ਤਾਂ ਵੱਢੇ ਵੀ ਜਾ ਚੁੱਕੇ ਨੇ !

**ਸ਼ਰਮਾ**: ਤੇ ਕਮਾਲ ਇੱਕ ਹੋਰ ਵੀ ਐ ਕਮਲਾ ਭਾਬੀ !

**ਕਮਲਾ** : ਹੈਂ ! ਕਮਾਲ ? ਉਹ ਕੀ ?

**ਸ਼ਰਮਾ** : ਜੰਗਲਾਂ ਦੀ ਇਸ ਕਟਾਈ ਨੂੰ ਕਹਿੰਦੇ ਨੇ ਉਹ ਵਿਕਾਸ !

**ਕਮਲਾ**: ਹਾਂ ! ਸਾਡੇ ਪਿੰਡਾਂ ਕੋਲੋਂ ਖਣਿਜ ਕੱਢਦੇ ਹੁੰਦੇ ਸੀ ਵਿਕਾਸ ਦੇ ਨਾਮ ਨਾਲ ਹੀ ! ਮੁੱਕ ਗਏ ਨੇ ਹੁਣ ਕਾਣਾਂ ਦੇ ਖਣਿਜਾਂ ਦੇ ਭੰਡਾਰ !

**ਸ਼ਰਮਾ** : ਪਰ ਸਿਤਮ ਦੀ ਗੱਲ ਤਾਂ ਇਹ ਐ ਕਿ ਧਰਤੀ ਨੂੰ ਜਰਖੇਜ ਬਣਾਉਣ ਦਾ ਨਹੀਂ ਕੀਤਾ ਜਾਂਦਾ ਕੋਈ ਉਪਰਾਲਾ !

**ਰਾਮੂ**: ਹਾਂ ਜੀ ਪਰਿਆਵਰਣ ਦੀ ਖਰਾਬੀ ਨੇ ਤਾਂ ਜ਼ਮੀਨ ਵੀ ਕਰ ਦਿੱਤੀ ਬੰਜਰ ! ਰਵਾਇਤੀ ਬਨਸਪਤੀ ਮਰ ਰਹੀ ਹੈ , ਪੌਦਿਆਂ ਵਿੱਚ ਵੱਧ ਗਏ ਨੇ ਰਸਾਇਣ ਬੇਵਹਾ ! ਖਾਣ ਦੇ ਕੰਮ ਦੇ ਨਹੀਂ ਰਹੇ ! ਲਉ ਵੇਖੋ ! ਹੁਣ ਕਹਿੰਦੇ ਖੇਤੀ ਵਾਲੀ ਜ਼ਮੀਨ ਦਿਓ ਇੱਕ ਪਰਿਆਵਰਣ ਪਾਰਕ ਬਣਾਵਾਂਗੇ !

**ਕਮਲਾ**: ਇਨ੍ਹਾਂ ਦਾ ਤਾਂ ਬਾਬਾ ਆਦਮ ਈ ਨਿਰਾਲਾ ਐ ! ਕੀ ਕੀ ਗਿਣਾਈਏ ਇਨ੍ਹਾਂ ਦੇ ਕਾਰੇ ?

**ਸ਼ਰਮਾ**: ਸ਼ਹਿਰੀਕਰਨ ਦੇ ਵਧਦੇ ਦਬਾਅ ਕਾਰਨ ਹਰ ਸਾਲ ਲੱਖਾਂ ਏਕੜ ਉਪਜਾਊ ਭੂਮੀ ਤੇ ਬਣ ਜਾਂਦੀਆਂ ਨੇ ਬਸਤੀਆਂ ! ਹੋ ਜਾਂਦਾ ਹੈ ਉਜਾੜਾ ! ਫਸਲੀ ਜ਼ਮੀਨ ਘਟਦੀ ਜਾ ਰਹੀ ਹੈ , ਅੰਨ ਦੀ ਪੈਦਾਵਾਰ ਘਟ ਜਾਵੇਗੀ !

**ਕਮਲਾ** : ਦਬਾਅ ਵਧ ਰਿਹਾ ਹੈ ਸ਼ਹਿਰੀ ਕਰਨ ਦਾ ! ਅੰਦਾਜ਼ੇ ਨੇ ਕਿ 2050 ਤੱਕ ਦੋ ਤਿਹਾਈ ਵਸੋਂ ਸ਼ਹਿਰਾਂ ਵਿੱਚ ਹੋਵੇਗੀ ! ਆਹ ਪੰਜਾਬ ਵਿੱਚ ਤਾਂ ਪਿਛਲੇ ਦਹਾਕੇ ਸੱਭ ਤੋਂ ਵੱਧ ਹੋਇਆ ਹੈ ਸ਼ਹਿਰਾਂ ਵੱਲ ਨੂੰ ਪਲਾਇਣ ! ਸ਼ਹਿਰੀ ਆਬਦੀ ਹੋ ਗਈ 37.48% ਤੇ ਪੇਂਡੂ ਰਹਿ ਗਈ 62.52% ਹੀ !

**ਰਾਮੂ**: ਆਹੋ ਜੀ ! ਇਹ ਘੋੜੇ ਆਲਾ ਤਾਂ ਹਰ ਥਾਂ ਹੀ ਫਿਰ ਗਿਆ ! ਹੁਣ ਤਾਂ ਸਾਡੇ ਜੁਆਕਾਂ ਨੂੰ ਵੀ ਪਸੰਦ ਨਹੀਂ ਪਿੰਡਾਂ ਵਿੱਚ ਵਸਣਾ ! ਬੱਸ ਉਹ ਵੀ ਹੁਣ ਖਾਂਦੇ ਨੇ ਚਿਪਸ, ਨਮਕੀਨ ਤੇ ਵਰਤਦੇ ਨੇ ਸ਼ੈਂਪੂ !

**ਕਮਲਾ**: ਪਰ ਵੇਖੋ ਤਾਂ ਸਹੀ ! ਲਿਫਾਫਾ ਐਨਾ ਫੁਲਿਆ ਹੋਇਆ ਵਿੱਚੋਂ ਨਿਕਲਦਾ ਹੈ ਜਰਾ ਜਿੰਨਾ ! ਬੱਸ ਪਲਾਸਟਕ ਦਾ ਲਿਫਾਫਾ ਹੀ ਵੱਡਾ ਸਾਰਾ ਹੁੰਦਾ ਐ !

**ਸ਼ਰਮਾ** :ਤੇ ਇਹ ਲਿਫਾਫੇ ਸਿੱਟੇ ਜਾਂਦੇ ਨੇ ਕਰੋੜਾਂ ਦੀ ਗਿਣਤੀ ਵਿੱਚ ਹਰ ਰੋਜ, ਗਲਦੇ ਨਹੀਂ, ਸਾੜੇ ਵੀ ਨਹੀਂ ਜਾ ਸਕਦੇ ! ਥਾਂ ਥਾਂ, ਗਲੀਆਂ ਮੁਹੱਲਿਆਂ ਬਸਤੀਆਂ ਸੜਕਾਂ ਤੇ ਖਿੰਡੇ ਪਏ ਉਡਦੇ ਨਜ਼ਰ ਆਉਂਦੇ ਨੇ !

**ਕਮਲਾ**: ਅੱਜ ਕੱਲ ਤਾਂ ਵਰਤੋ ਤੇ ਸੁੱਟੋ ਦੀ ਬਣ ਗਈ ਐ ਆਦਤ ! ਮੇਰਾ ਮੁੰਡਾ ਮੈਨੂੰ ਕਹਿੰਦਾ ਕਿ ਨਿੱਕੀ ਵਾਸਤੇ ਸੁੱਟਣ

ਵਾਲੇ ਪੋਤੜੇ ਕਿਉਂ ਨਹੀਂ ਵਰਤਦੀ ?

**ਸ਼ਰਮਾ:** ਕੀ ਕਰਨ ਉਹ ਵੀ, ਅੱਜ ਦੀ ਪੀੜ੍ਹੀ ਨੂੰ ਵਿਗਿਆਪਣਾਂ ਰਾਹੀਂ ਤਰਜੇ ਜਿੰਦਗੀ ਜਿਸ ਤਰ੍ਹਾਂ ਦੀ ਸਿਖਾਈ ਜਾਂਦੀ ਹੈ ਉਹੀ ਉਹ ਸੋਚਦੇ ਤੇ ਕਰਦੇ ਨੇ ! ਉਨ੍ਹਾਂ ਨੂੰ ਨਹੀਂ ਪਤਾ ਇਨ੍ਹਾਂ ਦੇ ਪਰਿਵਰਣ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦਾ !

**ਰਾਮੂ:** ਹਾਂ ਜੀ ਤਾਂ ਹੀ ਤਾਂ ਹੁਣ ਸਾਈਕਲ ਦੀ ਥਾਂ ਮੋਟਰ ਸਾਈਕਲ ਤੇ ਕਾਰਾਂ ਦਾ ਰਿਵਾਜ ਪੈ ਗਿਆ !

**ਸ਼ਰਮਾ:** ਹਾਂ ਰਾਮੂ! ਕਾਰਾਂ ਤਾਂ 2030 ਤੱਕ ਦੁਗਣੀਆਂ ਹੋ ਜਾਣਗੀਆਂ ਪਰ ਐਨੀਆਂ ਚੌੜੀਆਂ ਸੜਕਾਂ ਕਿੱਥੋਂ ਲਿਆਵਾਂਗੇ?

**ਕਮਲਾ:** ਤੇ ਐਨਾ ਪਟਰੌਲ ਕਿਥੋਂ ਆਵੇਗਾ ? ਸਾਡੇ ਮਾਪਿਆਂ ਨੂੰ ਇਹ ਸਮੱਸਿਆ ਨਹੀਂ ਸੀ ਆਈ ਪਰ ਅਗਲੀ ਪੀੜ੍ਹੀ ਨੂੰ ਤਾਂ ਜੂਝਣਾ ਹੀ ਪਵੇਗਾ ਇਸ ਦੇ ਨਾਲ !

**ਸ਼ਰਮਾ:** ਹਾਂ ਜੀ ਅਗਲੇ 25 ਸਾਲ ਤੱਕ ਤਾਂ ਤੇਲ ਹੀ ਰਹੇਗਾ ਊਰਜਾ ਦਾ ਮੁੱਖ ਸ੍ਰੋਤ ਪੂਰੀ ਦੁਨੀਆ ਵਿੱਚ! ਕੱਚੇ ਤੇਲ ਦੀਆਂ ਕੀਮਤਾਂ ਵਧਦੀਆਂ ਜਾਣਗੀਆਂ ।

**ਕਮਲਾ:** ਕੀਮਤ ਤਾਂ ਕੀਮਤ ! ਇਹ ਸ੍ਰੋਤ ਹੀ ਸੀਮਤ ਨੇ! ਜਦ ਖਤਮ ਹੋ ਗਏ ਤਾਂ .........

**ਰਾਮੂ:** ਪੈਟਰੋਲ ਦੀ ਤਾਂ ਗੱਲ ਹੀ ਛੱਡੋ ਜੀ ! ਹੁਣ ਤਾਂ ਪਾਣੀ ਦੀ ਵੀ ਕਿਲੱਤ ਹੋ ਗਈ ! ਸ਼ਹਿਰਾਂ ਵਿੱਚ ਤਾਂ ਹੁਣ ਪਾਣੀ ਵੀ ਮੁੱਲ ਲੈਣਾ ਪੈਂਦਾ ਹੈ !

**ਕਮਲਾ :** ਸ਼ਹਿਰਾਂ ਵਿੱਚ ਕੀ ? ਹੁਣ ਤਾਂ ਸਾਡੇ ਪਿੰਡਾਂ ਵਿੱਚ ਵੀ ਪਾਣੀ ਮੁੱਲ ਮਿਲਦਾ ਐ! 100 ਰੁਪਏ ਕਿਲੋ ਲੀਟਰ, 20 ਲੀਟਰ ਦੀ ਕੇਨੀ ਦੋ ਰੁਪਏ ਦੀ !

**ਸ਼ਰਮਾ:** ਇਹ ਤਾਂ ਹੋਣਾ ਹੀ ਹੈ ! ਅਸੀਂ ਪਾਣੀ ਐਵੇਂ ਰੋੜ੍ਹ ਛੱਡਦੇ ਹਾਂ ਤੇ ਨਾਲੇ ਬਾਰਸ਼ ਦੇ ਪਾਣੀ ਨੂੰ ਵੀ ਨਹੀਂ ਸਹੇਜਦੇ !

**ਕਮਲਾ :** ਆਹ ਅਮੀਰ ਤਾਂ ਐਵੇਂ ਕਾਰਾਂ ਧੋਣ ਤੇ ਫੁਆਰੇ ਚਲਾਉਣ ਤੇ ਪਾਣੀ ਖਰਾਬ ਕਰਦੇ ਰਹਿੰਦੇ ਨੇ ਤੇ ਸਾਨੂੰ ਨਹੀਂ ਮਿਲਦਾ ਪੀਣ ਨੂੰ ਵੀ ।

**ਸ਼ਰਮਾ:** ਅਮੀਰ ਤਾਂ ਫਿਰ ਖ੍ਰੀਦ ਲੈਣਗੇ ਪਰ ਗਰੀਬਾਂ ਦਾ ਕੀ ਬਣੂ ?

**ਕਮਲਾ :** ਦਰਅਸਲ ਕਾਰਨ ਤਾਂ ਹੈ ਘੋਰ ਕਾਣੀ ਵੰਡ ! ਸੰਸਾਰ ਦੇ 20% ਅਮੀਰ ਵਰਤ ਰਹੇ ਨੇ 76.6% ਸ੍ਰੋਤ ਤੇ ਨਿਚਲੇ 20% ਗਰੀਬਾਂ ਦੇ ਹਿੱਸੇ ਆ ਰਹੇ ਨੇ ਕੇਵਲ 1.5%

**ਰਾਮੂ:** ਅਮੀਰ ? ਅਮੀਰਾਂ ਵੱਲੋਂ ਧਰਤੀ ਦੇ ਕੁਦਰਤੀ ਸ੍ਰੋਤਾਂ ਦਾ ਦੋਹਨ ਹੀ ਤਾਂ ਬਣੇਗਾ ਪ੍ਰਲੋ ਦਾ ਕਾਰਨ !

**ਕਮਲਾ :** ਸਾਨੂੰ ਆਪਣੀ ਜੀਵਣ ਸ਼ੈਲੀ ਬਦਲਨੀ ਪਵੇਗੀ ! ਵਰਤੋ ਤੇ ਸੁਟੋ ਬਿਰਤੀ ਨੂੰ ਛੱਡਣਾ ਪਵੇਗਾ ! ਇਨ੍ਹਾਂ ਅਮੀਰਾਂ ਦੀ ਨਕਲ ਦੀ ਥਾਂ ਸਾਨੂੰ ਅਪਣਾਉਣਾ ਪਵੇਗਾ ਟਿਕਾਊ ਵਿਕਾਸ ਦਾ ਤਰੀਕਾ !

**ਰਾਮੂ:** ਪਰ ਸਾਨੂੰ ਗਰੀਬਾਂ ਨੂੰ ਇਹ ਪਾਠ ਕਿਉਂ ਰਹੇ ਹੋ ਪੜ੍ਹਾ ?

**ਕਮਲਾ:** ਠੀਕ ਹੈ ਰਾਮੂ ਤੇਰੀ ਗੱਲ ਵੀ ! ਪਰ ਕੀ ਅਸੀਂ ਧਰਤੀ ਦੇ ਇਨ੍ਹਾਂ ਕੁਦਰਤੀ ਸ੍ਰੋਤਾਂ ਦਾ ਦੋਹਨ ਵੇਖਦੇ ਹੋਏ ਪ੍ਰਲੋ ਨੂੰ ਹੀ ਸੱਦਾ ਦਿੰਦੇ ਰਹਾਂਗੇ ?

**ਸ਼ਰਮਾ :** ਨਹੀਂ ਜੀ ! ਸਾਨੂੰ ਤਰਜੇ ਜਿੰਦਗੀ ਦੇ ਬਦਲਾਅ ਵਾਸਤੇ ਇੱਕਠੇ ਹੋ ਕੇ ਆਵਾਜ ਬੁਲੰਦ ਕਰਨੀ ਪਵੇਗੀ । ਸਾਨੂੰ

ਕੁਦਰਤੀ ਸ੍ਰੋਤਾਂ ਦੀ ਵਰਤੋਂ ਸਮਝ ਨਾਲ ਕਰਨੀ ਪਵੇਗੀ ! ਪਾਣੀ, ਊਰਜਾ ਤੇ ਖੇਤੀ ਲਈ ਸਾਧਨਾਂ ਦੀ ਵਰਤੋਂ ਦੇ ਤੌਰ ਤਰੀਕੇ ਬਦਲ ਕੇ ਕਫਾਇਤੀ ਵਿਧੀਆਂ ਨੂੰ ਅਪਣਾਉਣਾ ਪਵੇਗਾ !

**ਰਾਮੂ:** ਬੱਸ ਕਰੋ ਜੀ ! ਐਵੇਂ ਕਹਿਣ ਦੀਆਂ ਨੇ ਗੱਲਾਂ ! ਆਹ ਜਿਹੜੇ ਪ੍ਰਚਾਰ ਕਰਨ ਆਉਂਦੇ ਨੇ ਉਨ੍ਹਾਂ ਦਾ ਆਪਣਾ ਹਾਲ ਤਾਂ ਵੇਖੋ ਜਰਾ !

**ਕਮਲਾ:** ਠੀਕ ਹੈ ! ਕਹਿਣੀ ਤੇ ਕਰਨੀ ਦਾ ਅੰਤਰ ਹੈ ! ਇਹੀ ਤਾਂ ਬਦਲਾ ਕਰਨਾ ਹੈ ਅਸੀਂ ! ਜਿਨ ਮਨ ਹੋਰ ਮੁਖ ਹੋਰ ਸੇ ਕਾਂਢੇ ਕੱਚਿਆ !

**ਸ਼ਰਮਾ:** ਬੇਸ਼ੱਕ ਵਿਅਕਤੀਗਤ ਕੋਸ਼ਸਾਂ ਤਾਂ ਬਹੁਤਾ ਪ੍ਰਭਾਵ ਨਹੀਂ ਪਾਉਂਦੀਆਂ, ਪ੍ਰੰਤੂ ਸਮੂਹਿਕ ਯਤਨਾਂ ਰਾਹੀਂ ਘੱਟ ਵਰਤੋ, ਮੁੜ ਵਰਤੋ, ਪੁਨਰ ਚਕਰੀਕਰਨ ਕਰੋ ਵਰਗੀਆਂ ਮੁਹਿੰਮਾਂ ਨਾਲ ਤਾਂ ਨੀਤੀਆਂ ਵਿੱਚ ਵੀ ਬਦਲਾਅ ਹੋ ਸਕਦੇ ਨੇ !

**ਰਾਮੂ** : ਹਾਂ ਜੀ ਤਾਂ ਤੇ ਅਜਿਹਾ ਸੰਭਵ ਹੈ !

**ਕਮਲਾ:** ਬੱਸ ਮੈਂ ਵੀ ਇਹੀ ਕਹਿੰਦੀ ਹਾਂ ਕਿ ਟਿਕਾਊ ਵਿਕਾਸ ਲਈ ਸਮੂਹਿਕ ਮੁਹਿੰਮਾਂ ਵਿਖਾਉਣਗੀਆਂ ਆਪਣਾ ਰੰਗ ਤੇ ਮਜਬੂਰ ਕਰਨਗੀਆਂ ਨੀਤੀ ਘਾੜਿਆਂ ਨੂੰ ਵੀ ਬਦਲਾਅ ਦੇ ਲਈ !

**ਸਾਰੇ ਮਿਲਕੇ : ਹਾਂ ਹੁਣੇ ਤੋਂ ਹੀ ਸੋਚਣਾ ਪਵੇਗਾ , ਬਚਣਾ ਹੈ ਜਾਂ ਮਰਨਾ , ਟਿਕਾਊ ਵਿਕਾਸ ਜਾਂ ਵਰਤੋ ਤੇ ਸੁੱਟੋ ਵਾਲਾ ਵਿਨਾਸ !!!!!!!!!!!!!!**

ਵਿਗਿਆਨ ਪ੍ਰਸ਼ਨੋਤਰੀ

**ਪ੍ਰਸ਼ਨ1.** ਖਪਤ ਸਭਿਆਚਾਰ ਕਿਉਂ ਵਧ ਰਿਹਾ ਹੈ !

ਉੱਤਰ: ਉਦਯੋਗ ਤੇ ਵਿਗਿਆਪਣਾਂ ਰਾਹੀਂ ਵਰਤੋ ਤੇ ਸੁੱਟੋ ਸਭਿਅਚਾਰ ਦਾ ਪ੍ਰਚਾਰ

**ਪ੍ਰਸ਼ਨ2.** ਕੁਦਰਤੀ ਸ੍ਰੋਤਾਂ ਤੇ ਦਬਾਅ ਕਿਵੇਂ ਘਟਾਈਏ?

ਉੱਤਰ: ਸੰਜਮ ਨਾਲ ਵਰਤੋ, ਮੁੜ ਵਰਤੋ, ਮੁੜ ਚਕਰੀਕਰਨ ਕਰੋ !